ਸਭ ਹਕ ਰਾਖਵੇਂ ਹਨ ।

ਤਵਾਰੀਖ ਹਿੰਦ ਪ੍ਰਸ਼ਨੋਤ੍ਰੀ

ਹਿੱਸਾ ਦੂਜਾ

ਰਚਿਤ

ਆਨੀ ਨਿਹਾਲ ਸਿੰਘ

ਵਰਨੈਕੂਲਰ ਟੀਚਰ ਅੰਮ੍ਰਿਤਸਰ

ਪ੍ਰਕਾਸ਼ਕ !

ਲਾ: ਦੇਵੀ ਦਾਸ ਜਾਨਕੀ ਦਾਸ

ਪੁਸਤਕਾਂ ਛਾਪਣ ਤੇ ਵੇਚਣ ਵਾਲੇ

ਬਜਾਰ ਮਾਈ ਸੇਵਾਂ ਅੰਮ੍ਰਿਤਸਰ ਤੇ ਮੋਹਨ ਲਾਲ ਰੋਡ ਲਾਹੌਰ

(ਕੇਵਲ ...) ਦੇਵੀ ਦਾਸ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ ਵਿਚ ਛਪਿਆ।

ਕੀਮਤ ॥) ਅਠ ਆਨੇ

ਤਵਾਰੀਖ ਹਿੰਦ ਪ੍ਰਸ਼ਨੋਤ੍ਰੀ

ਹਿੱਸਾ ਦੂਜਾ

ਸਵਾਲ—ਯੂਰਪ ਵਾਲਿਆਂ ਨੇ ਹਿੰਦੁਸਤਾਨ ਦਾ ਰਸਤਾ ਕਿਉਂ ਅਤੇ ਕਦੋਂ ਲੱਭਾ।

ਜਵਾਬ— ਸੰਨ 1492 ਵਿੱਚ ਕੋਲੰਬਸ ਨੇ ਹਿੰਦੁਸਤਾਨ ਦਾ ਸਮੁੰਦਰੀ ਕੰਢਾ ਲੱਭਦਿਆਂ ਹੋਇਆਂ ਨਵੀਂ ਦੁਨੀਆਂ [ਅਮ੍ਰੀਕਾ] ਲੱਭੀ ਅਤੇ ਇਸਤੋਂ ਪਿਛੋਂ ਹਿੰਦੁਸਤਾਨ ਦਾ ਰਸਤਾ ਲੱਭਾ।

ਯੂਰਪ ਵਾਲਿਆ ਨੇ ਹਿੰਦੁਸਤਾਨ ਦੀ ਦੌਲਤ ਦਾ ਹਾਲ ਸੁਣਕੇ ਇਸ ਦੇਸ ਨਾਲ ਵਪਾਰ ਕਰਨਾ ਚਾਹਿਆ, ਪਰ ਏਨ੍ਹਾ ਦੀ ਨੀਤ ਕਿਸੇ ਨਾ ਕਿਸੇ ਤਰ੍ਹਾਂ, ਹਿੰਦੁਸਤਾਨ ਕਬਜ਼ਾ ਕਰਨ ਦੀ ਸੀ।

ਸੰਨ 1498 ਵਿੱਚ ਵਾਸਕੋ-ਡੀ-ਗਾਮਾ, ਇ ਪੁਰਤ-ਗੇਜ਼ ਹਿੰਦੁਸਤਾਨ ਦਾ ਸਮੁੰਦ੍ਰੀ ਰਸਤਾ ਲੱਭਣ ਵਿ ਕਾਮਯਾਬ ਹੋ ਗਿਆ, ਅਤੇ ਇਸਨੇ ਹਿੰਦੁਸਤਾਨ ਦੇਂ ਤਟ ਉੱਤੇ ਪੁਰਤ-ਗਾਲੀਆਂ ਦੀਆਂ, ਵਪਾਰਕ ਕੋਠੀਅ

ਬਣਾਈਆਂ। ਇਹ ਛੀ ਮਹੀਨੇ ਹਿੰਦੁਸਤਾਨ ਵਿੱਚ ਰਹਿਕੇ ਪਿੱਛੇ ਮੁੜ ਗਿਆ, ਅਤੇ ਫੇਰ ਦੂਜੀ ਵਾਰੀ ਸੰਨ 1509 ਈਸਵੀ ਵਿੱਚ ਹਿੰਦੁਸਤਾਨ ਆਇਆ।

ਅਲਬੂ ਕਰਕ ਪੁਤਰਗੇਜ਼ਾਂ, ਦਾ ਗਵਰਨਰ ਸੰਨ 1509 ਈਸਵੀ ਵਿੱਚ ਹਿੰਦੁਸਤਾਨ ਆਇਆ ਅ ਇਸਨੇ ਸੰਨ 1510 ਵਿੱਚ ਗੋਆ ਤੇ 1511 ਵਿੱਚ ਮਲੱਕਾ ਜਿੱਤ ਲਿਆ। ਸੰਨ 1600 ਈਸਵੀ ਪਹਿਲਾਂ ਪਹਿਲਾਂ ਪੁਰਤ-ਗੇਜ਼ਾਂ ਦਾ ਹਿੰਦ ਸਾਗਰ ਅਤੇ ਹਿੰਦੁਸਤਾਨ ਦੇ ਸਮੁੰਦਰੀ ਕੰਢੇ ਉੱਤੇ ਪੂਰਾ ਪੂਰਾ ਕਬਜ਼ਾ ਹੋ ਗਿਆਂ।

ਸਵਾਲ—ਪੁਰਤ ਗੇਜਾਂ ਨੂੰ ਕਿਨ੍ਹਾਂ ਕਿਨ੍ਹਾਂ ਗੱਲਾਂ ਕਰਕੇ ਘਾਟਾ ਪਿਆ।

ਉੱਤੂ—ਪੁਰਤ ਗੇਜ਼ਾਂ ਧਾਰਮਕ ਖਿਆਲਾਂ ਵਿੱਚ ਬੜੇ ਕੱਟੜ ਸਨ, ਇਹ ਈਸਾਈਆਂ ਉੱਤੇ ਬੜੀ ਸਖਤੀ ਕਰਦੇ ਸਨ। ਇਹ ਅਪਣੇ ਮੱਤ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ। ਏਹਨਾਂ ਦੀ ਸਰਕਾਰ ਕੋਲ ਪੈਸੇ ਦਾ ਘਾਟ ਆਗਿਆ ਤੇ ਇਹ ਆਪਣੇ ਅਫਸਰਾਂ ਨੂੰ ਸਹਾਇਤਾ ਨ ਪਹੁੰਚਾ ਸੱਕੇ। ਸੰਨ 1565 ਈਸਵੀ ਵਿੱਚ ਤਲੀਕੋ ਦੀ ਲੜਾਈ ਮਗਰੋਂ, ਏਨ੍ਹਾ ਦੇ ਰਾਜ ਵਿੱਚ ਗੜਬੜ ਮਚ ਗਈ, ਅਤੇ ਏਨ੍ਹਾ ਦੇ ਕਬਜੇ ਵਿੱਚ ਦਾਮਨ, ਗੋਆ ਤੇ ਦੀਵ ਹੀ ਰਹਿ ਗਏ।

ਸਵਾਲ—ਪੁਰਤ-ਗੇਜ਼ਾਂ ਪਿੱਛੋਂ ਹਿੰਦੁਸਤਾਨ ਵਿੱਚ ਕੌਣ ਕੌਣ ਆਏ ?

ਜਵਾਬ—ਪੁਤਰ ਗੇਜ਼ਾਂ ਤੋਂ ਪਿੱਛੋਂ ਹਾਲੈਂਡ, ਫਾਂਸ ਤੇ ਇੰਗਲੈਂਡ ਦੀਆਂ ਕੰਪਨੀਆਂ ਵਪਾਰ ਦੇ ਬਹਾਨੇ ਹਿੰਦੁਸਤਾਨ ਵਿੱਚ ਆਈਆਂ। ਸੰਨ 1602 ਵਿਚ ਹਾਲੈਂਡ ਵਾਲਿਆਂ ਦੀ ਇੱਕ ਤਕੜੀ ਕੰਪਨੀ ਬਣ ਗਈ' ਜਿਸਨੇ ਪੁਰਤਗੇਜ਼ਾਂ ਨੂੰ ਕੱਢਕੇ ਓਨ੍ਹਾਂ ਦੇ ਸ਼ਹਿਰਾਂ ਤੇ ਆਪ ਕਬਜਾਂ ਕਰ ਲਿਆ। ਸੰਨ 1609 ਵਿੱਚ ਮਦਰਾਸ ਦੇ ਉੱਤ੍ਰ ਵੱਲ ਕਾਲੀ ਕੱਟ ਵਿੱਚ ਆਪਣਾ ਪਹਿਲਾ ਕਿਲਾ ਬਣਾਇਆਂ, ਸੰਨ 1619 ਵਿੱਚ ਜਾਵਾ ਦੇ ਬਟਾਵੀਆ ਸ਼ਹਿਰ ਦੀ ਨੀਂਹ ਰੱਖੀ। ਹਾਲੈਂਡ ਵਾਲੇ (ਵਲੰਦੇਜਾਂ) ਨੇ ਸੰਨ 1641 ਵਿੱਚ ਮਲਾਕਾ ਜਿਤਿਆ ਅਤੇ 1658 ਵਿੱਚ ਲੰਕਾਤੇਜਾਕਬਜ਼ਾ ਕੀਤਾ, 1616 ਵਿੱਚ ਡੈਨਮਾਰਕ ਵਾਲਿਆਂ ਦੀ ਈਸਟਇੰਡੀਆ ਕੰਪਨੀ ਬਣੀ, ਏਨ੍ਹਾਂ ਨੇ ਆਪਣੀਇੱਕ ਵਸਤੀਸੰਨ 1676 ਵਿੱਚ ਕਲਕੱਤੇ ਕੋਲ ਬਿਸਰਾਮਪੁਰਵਿੱਚ ਕਾਇਮ ਕੀਤੀ ਅਤੇ ਸੰਨ 1745 ਵਿੱਚ ਅੱਗ੍ਰੇਜ਼ਾਂ ਦੀਆਂ ਕਈ ਕੋਠੀਆਂ ਲੈ ਲਈਆਂ।

ਫਾਂਸ ਦੇ ਬਾਦਸ਼ਾਹ ਲੂਈਸ (ਚੌਧਵੇਂ) ਦੇ ਸਮੇਂ ਇਸਦੇ ਵਜ਼ੀਰ ਕੋਲ ਬਰਟ ਨੇ ਸੰਨ 1664 ਵਿੱਚ ਇੱਕ ਫ੍ਰਾਂਸੀਸੀ ਈਸਟ ਇੰਡੀਆ ਕੰਪਨੀ ਦੀ ਨੀਂਹ ਰੱਖੀ। ਵਲੰਦੇਜ਼ਾਂ ਨੇ ਏਨ੍ਹਾ ਦੇ ਰਸਤੇ ਵਿੱਚ ਕਈ ਰੋੜੇ ਅਟਕਾਏ। ਸੰਨ 1683 ਵਿੱਕ ਫ੍ਰਾਂਸ ਦੇ ਇਕ ਅਫਸਰ ਮਾਰਟਨ ਨੇ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.